15

# ''ਪਰਮੇਸ਼ੁਰ ਨੇ ਜਗਤ ਨੂੰ ਅਜਿਹਾ ਪਿਆਰ ਕੀਤਾ''

## ਯੂਹੰਨਾ 3:16, ਇਕ ਨੇੜ੍ਹ ਝਾਤ

> ਜਿਸ ਤਰ੍ਹਾਂ ਮੂਸਾ ਨੇ ਉਜਾੜ ਵਿਚ ਸੱਪ ਨੂੰ ਉੱਚਾ ਕੀਤਾ ਇਸੇ ਤਰ੍ਹਾਂ ਜ਼ਰੂਰ ਹੈ ਜੋ ਮਨੁੱਖ ਦਾ ਪੁੱਤਰ ਵੀ ਉੱਚਾ ਕੀਤਾ ਜਾਵੇ। ਭਈ ਜੋ ਕੋਈ ਨਿਹਚਾ ਕਰੇ ਸੋ ਉਸ ਵਿਚ ਸਦੀਪਕ ਜੀਉਣ ਪ੍ਰਾਪਤ ਕਰੇ।
>
> ਕਿਉਂਕਿ ਪਰਮੇਸ਼ੁਰ ਨੇ ਜਗਤ ਨੂੰ ਅਜਿਹਾ ਪਿਆਰ ਕੀਤਾ ਜੋ ਉਹ ਨੇ ਆਪਣਾ ਇਕਲੌਤਾ ਪੁੱਤਰ ਬਖ਼ਸ਼ ਦਿੱਤਾ ਤਾਂ ਜੋ ਹਰੇਕ ਜੋ ਉਸ ਉੱਤੇ ਨਿਹਚਾ ਕਰੇ ਨਾਸ ਨਾ ਹੋਵੇ ਪਰ ਸਦੀਪਕ ਜੀਉਣ ਪਾਵੇ। ਪਰਮੇਸ਼ੁਰ ਨੇ ਪੁੱਤਰ ਨੂੰ ਜਗਤ ਵਿਚ ਇਸ ਲਈ ਨਹੀਂ ਘੱਲਿਆ ਜੋ ਉਹ ਜਗਤ ਨੂੰ ਦੋਸ਼ੀ ਠਹਿਰਾਵੇ ਸਗੋਂ ਇਸ ਲਈ ਜੋ ਜਗਤ ਉਹ ਦੇ ਰਾਹੀਂ ਬਚਾਇਆ ਜਾਵੇ[1] (ਯੂਹੰਨਾ 3:14–17)।

ਬਾਈਬਲ ਦੀ ਸਭ ਤੋਂ ਮਸ਼ਹੂਰ ''ਸੁਨਹਿਰੀ'' ਆਇਤ ਭਾਵ ਯੂਹੰਨਾ 3:16, ਇਸੇ ਹਵਾਲੇ ਵਿਚ ਮਿਲਦੀ ਹੈ: ''ਕਿਉਂਕਿ ਪਰਮੇਸ਼ੁਰ ਨੇ ਜਗਤ ਨੂੰ ਅਜਿਹਾ ਪਿਆਰ ਕੀਤਾ ਜੋ ਉਸ ਨੇ ਆਪਣਾ ਇਕਲੌਤਾ ਪੁੱਤਰ ਬਖ਼ਸ਼ ਦਿੱਤਾ ਤਾਂ ਜੋ ਹਰੇਕ ਜੋ ਉਸ ਤੇ ਨਿਹਚਾ ਕਰੇ ਨਾਸ਼ ਨਾ ਹੋਵੇ ਪਰ ਸਦੀਪਕ ਜੀਉਣ ਪਾਵੇ।'' ਘੱਟੋ ਘੱਟ ਦੋ ਕਾਰਣਾਂ ਕਰਕੇ ਇਹ ਆਇਤ ਬਾਈਬਲ ਦੀ ਸਭ ਤੋਂ ਅਹਿਮ ਆਇਤ ਹੈ: (1) ਇਹ ਖ਼ੁਦਾ ਦੀ ਯੋਜਨਾ ਦੇ ਮੁਕੰਮਲ ਦਾਇਰੇ ਨੂੰ ਛੂੰਹਦੀ ਹੈ।[2] ਸੋਲ੍ਹਵੀਂ ਸਦੀ ਦੇ ਸੁਧਾਰਵਾਦੀ ਆਗੂ ਮਾਰਟਿਨ ਲੂਥਰ ਨੇ ਇਸ ਨੂੰ ''ਬਾਈਬਲ ਦਾ ਲਘੂ ਰੂਪ'' ਆਖਿਆ ਸੀ। (2) ਇਸ ਆਇਤ ਵਿਚ ਬੇਹੱਦ ਸ਼ਾਨਦਾਰ ਗੱਲਾਂ ਹਨ, ਜੋ ਮਨੁੱਖ ਨੂੰ ਸਭ ਤੋਂ ਸ਼ਾਨਦਾਰ ਵਿਸ਼ਿਆਂ ਦੀ ਸਲਾਹ ਦਿੰਦਿਆਂ ਸਰਵਉੱਤਮ ਸ਼ਬਦ ਹਨ।[3]

### ''ਕਿਉਂਕਿ ਪਰਮੇਸ਼ੁਰ ਨੇ'': ਸਭ ਤੋਂ ਵੱਡਾ ਜੀਵ

ਜਿਵੇਂ ਸੰਸਾਰ, ਮਨੁੱਖ ਅਤੇ ਹਰ ਚੰਗੀ ਸ਼ੈ ਦੀ ਸ਼ੁਰੂਆਤ ਖ਼ੁਦਾ ਤੋਂ ਹੋਈ, ਉਸੇ ਤਰ੍ਹਾਂ ਸਾਡੀ ਇਹ ਆਇਤ ਓਸੇ ਤੋਂ ਸ਼ੁਰੂ ਹੁੰਦੀ ਹੈ, ''ਕਿਉਂਕਿ *ਪਰਮੇਸ਼ੁਰ* ਨੇ ਜਗਤ ਨੂੰ ਅਜਿਹਾ ਪਿਆਰ ਕੀਤਾ ...।''

ਇਸ ਵਿਚ ਸਭ ਤੋਂ ਵੱਡਾ ਜੀਵ ਮਿਲਦਾ ਹੈ। ਸਾਡਾ ਦਿਮਾਗ਼ ਖ਼ੁਦਾ ਨਾਲੋਂ ਵੱਡੀ ਚੀਜ਼ ਦੀ ਕਲਪਨਾ ਵੀ ਨਹੀਂ ਕਰ ਸਕਦਾ। ਇਕ ਅਮਰੀਕੀ ਰਾਜਨੇਤਾ ਨੇ ਆਖਿਆ ਸੀ ਕਿ ਉਸਦੇ ਦਿਮਾਗ਼ ਵਿਚ ਆਉਣ ਵਾਲਾ ਸਭ ਤੋ ਅਹਿਮ ਵਿਚਾਰ ਖ਼ੁਦਾ ਅਤੇ ਉਸ ਪ੍ਰਤੀ ਉਸ ਦੀ ਨਿੱਜੀ ਜ਼ਿੰਮੇਵਾਰੀ ਹੈ।[4]

ਖ਼ੁਦਾ ਦੀ ਗੱਲ ਕਰਦਿਆਂ ਪੌਲੁਸ ਨੇ ਲਿਖਿਆ ਹੈ ਕਿ ਉਹ ''ਅਜਿਹਾ ਸਮਰਥ ਹੈ ਕਿ ਜੋ ... ਉਸ ਨਾਲੋਂ ਅੱਤ ਵਧੀਕ ਕਰ ਸਕਦਾ ਹੈ ਉਸ ਸਮਰੱਥਾ ਦੇ ਮੁਤਾਬਕ ਜੋ ਸਾਡੇ ਵਿਚ ਪੋਹੰਦੀ ਹੈ ...'' (ਅਫ਼ਸੀਆਂ 3:20)। ਆਪਣੀ ਸੋਚ ਨੂੰ ਦੁੜਾਓ: ਤੁਹਾਨੂੰ ਕੋਈ ਅਜਿਹੀ ਚੀਜ਼ ਨਹੀਂ ਮਿਲੇਗੀ, ਜੋ ਖ਼ੁਦਾ ਨਾ ਕਰ ਸਕਦਾ ਹੋਵੇ।[5] ਖ਼ੁਦਾ ਏਨਾ ਮਹਾਨ ਹੈ ਕਿ ਉਸ ਨੂੰ ਪੂਰੀ ਤਰ੍ਹਾਂ ਸਮਝਣ ਲਈ ਸਾਨੂੰ ਉਸ

ਦੇ ਬਰਾਬਰ ਹੋਣਾ ਪਵੇਗਾ, ਭਾਵ ਸਾਨੂੰ ਵੀ ਰੱਬ ਬਣਨਾ ਪਵੇਗਾ!

## "ਜਗਤ ਨੂੰ": ਸਭ ਤੋਂ ਵੱਡਾ ਸਮੂਹ

ਖ਼ੁਦਾ ਨੇ ਇਹ ਸਭ ਤੋਂ ਵੱਡਾ ਕੰਮ ਕਿਸ ਲਈ ਕੀਤਾ? "ਕਿਉਂਕਿ ਪਰਮੇਸ਼ੁਰ ਨੇ *ਜਗਤ ਨੂੰ* ਅਜਿਹਾ ਪਿਆਰ ਕੀਤਾ ਜੋ ਉਹ ਨੇ ... ਬਖ਼ਸ਼ ਦਿੱਤਾ ...": ਜਗਤ ਨਾਲ ਜੋ ਐਨੀ ਵੱਡੀ ਜਮਾਤ ਹੈ ਕਿ ਸਾਡੀ ਸਮਝ ਤੋਂ ਬਹੁਤ ਉੱਪਰ ਹੈ– ਦੁਨੀਆਂ ਦੇ ਸਭ ਲੋਕ ਜੋ ਪਹਿਲਾਂ ਹੋਏ ਹਨ, ਜਿਹੜੇ ਇਸ ਸਮੇਂ ਜ਼ਿੰਦਾ ਹਨ ਅਤੇ ਉਹ ਵੀ ਜੋ ਧਰਤੀ ਦੇ ਨਾਸ ਹੋਣ ਤੋਂ ਪਹਿਲਾਂ ਤਕ ਜੀਉਂਦੇ ਹੋਣਗੇ। ਪਰ ਸਾਡੇ ਦਿਮਾਗ਼ ਵਿਚ ਉਹ ਸਭ ਤੋਂ ਵੱਡਾ ਸਮੂਹ ਹੀ ਨਹੀਂ, ਸਗੋਂ ਪਾਪੀ, ਨਾਫ਼ਰਮਾਨ ਸੰਸਾਰ, ਜਿਸ ਦੀ ਅਸੀਂ ਕਲਪਨਾ ਕਰ ਸਕਦੇ ਹਾਂ, ਹਨੇਰੇ ਵਿਚ ਡੁੱਬੀ ਦੁਨੀਆਂ ਹੈ।[6] ਖ਼ੁਦਾ ਨੇ ਉੱਪਰੋਂ ਇਸ ਭਗਤੀਹੀਣ ਸੰਸਾਰ ਨੂੰ ਵੇਖਿਆ ਅਤੇ ਇਸ ਨੂੰ ਪਿਆਰ ਕੀਤਾ। ਖ਼ੁਦਾ ਨੇ ਸਾਨੂੰ ਵੇਖਿਆ ਅਤੇ ਪਿਆਰ ਕੀਤਾ।

ਅਫਰੀਕਾ ਵਿਚ ਇਕ ਪ੍ਰਚਾਰਕ ਛੋਟੇ ਮੁੰਡਿਆਂ ਦੀ ਟੋਲੀ ਨਾਲ ਗੱਲਾਂ ਕਰ ਰਿਹਾ ਸੀ। ਉਹ ਕਹਿਣ ਲੱਗਾ, "ਮੈਂ ਤੁਹਾਨੂੰ ਉਸ ਖੁਸ਼ਖ਼ਬਰੀ ਦੀ ਗੱਲ ਸੁਣਾਉਂਦਾ ਹਾਂ, ਜਿਸ ਦਾ ਪ੍ਰਚਾਰ ਅਸੀਂ ਅਫ਼ਰੀਕਾ ਵਿਚ ਕਰਦੇ ਹਾਂ। ਇਥੇ ਬੈਠੇ ਮੁੰਡਿਆਂ ਵਿੱਚੋਂ ਚੰਗੇ ਮੁੰਡੇ ਹੱਥ ਖੜੇ ਕਰੋ?" ਕੋਈ ਹੱਥ ਖੜਾ ਨਾ ਹੋਇਆ। ਉਸ ਨੇ ਹੱਸਦੇ ਹੋਏ ਆਖਿਆ, "ਤਾਂ ਫਿਰ ਮੇਰੇ ਕੋਲ ਉਹੀ ਸੰਦੇਸ਼ ਹੈ, ਜੋ ਅਸੀਂ ਅਫ਼ਰੀਕਾ ਵਿਚ ਹੋਰ ਲੋਕਾਂ ਨੂੰ ਦਿੰਦੇ ਹਾਂ: ਖ਼ੁਦਾ ਸ਼ਰਾਰਤੀ ਮੁੰਡਿਆਂ ਨੂੰ ਪਿਆਰ ਕਰਦਾ ਹੈ।"

ਭਾਵੇਂ ਚੰਗਾ ਨਾ ਲੱਗੇ, ਪਰ ਹੈ ਸੱਚ। "ਪਰੰਤੂ ਪਰਮੇਸ਼ੁਰ ਆਪਣਾ ਪ੍ਰੇਮ ਸਾਡੇ ਉੱਤੇ ਇਉਂ ਪਰਗਟ ਕਰਦਾ ਹੈ ਭਈ ਜਾਂ ਅਸੀਂ ਅਜੇ ਪਾਪੀ ਹੀ ਸਾਂ ਤਾਂ ਮਸੀਹ ਸਾਡੇ ਲਈ ਮੋਇਆ" (ਰੋਮੀਆਂ 5:8)।[7]

## "ਅਜਿਹਾ ਪਿਆਰ ਕੀਤਾ": ਸਭ ਤੋਂ ਵੱਡਾ ਗੁਣ

ਸਭ ਤੋਂ ਵੱਡੇ ਜੀਵ ਲਈ ਆਖਿਆ ਜਾਂਦਾ ਹੈ, "ਕਿਉਂਕਿ ਪਰਮੇਸ਼ੁਰ ਨੇ ਜਗਤ ਨੂੰ *ਅਜਿਹਾ ਪਿਆਰ ਕੀਤਾ* ...।" ਦੁਨੀਆਂ ਦੀ ਸਭ ਤੋਂ ਵੱਡੀ ਖੂਬੀ ਪਿਆਰ ਹੀ ਹੈ, "ਹੁਣ ਤਾਂ ਨਿਹਚਾ, ਆਸ਼ਾ, ਪ੍ਰੇਮ, ਇਹ ਤਿੰਨੇ ਰਹਿੰਦੇ ਹਨ ਪਰ ਇਨ੍ਹਾਂ ਵਿੱਚੋਂ ਉੱਤਮ ਪ੍ਰੇਮ ਹੀ ਹੈ" (1 ਕੁਰਿੰਥੀਆਂ 13:13)।[8] ਵਚਨ ਅੱਗੇ ਦੱਸਦਾ ਹੈ ਕਿ ਇਸ ਸਭ ਤੋਂ ਵੱਡੀ ਖੂਬੀ ਵਿਚ ਖ਼ੁਦਾ ਕੋਲ ਸਭ ਤੋਂ ਵੱਧ[9] ਸੀ: "ਕਿਉਂਕਿ ਪਰਮੇਸ਼ੁਰ ਨੇ ਜਗਤ ਨੂੰ *ਅਜਿਹਾ* ਪਿਆਰ ਕੀਤਾ ...।"

ਅਫ਼ਸੀਆਂ 3:17–19 ਖ਼ੁਦਾ ਦੇ ਪਿਆਰ ਦੇ ਪਸਾਰ ਦਾ ਐਲਾਨ ਕਰਦਾ ਹੈ: "... ਤਾਂ ਜੋ ... ਤੁਸੀਂ ... ਇਸ ਗੱਲ ਨੂੰ ਚੰਗੀ ਤਰ੍ਹਾਂ ਸਮਝ ਸੱਕੋ ਭਈ ਕਿੰਨੀ ਹੀ *ਚੁੜਾਈ*, *ਲੰਬਾਈ*, *ਉਚਾਈ* ਅਤੇ *ਡੂੰਘਾਈ* ਹੈ। ਅਤੇ ਮਸੀਹ ਦੇ ਪ੍ਰੇਮ ਨੂੰ ਜੋ ਗਿਆਨ ਤੋਂ ਪਰ੍ਹੇ ਹੈ ਚੰਗੀ ਤਰਾਂ ਜਾਣ ਸਕੋ ...।" ਖ਼ੁਦਾ ਦੇ ਪਿਆਰ ਦੀ "ਲੰਬਾਈ" ਕਿੰਨੀ ਹੈ? ਵਚਨ ਦੱਸਦਾ ਹੈ: "ਪਰਮੇਸ਼ੁਰ ਨੇ ਜਗਤ ਨੂੰ ਅਜਿਹਾ ਪਿਆਰ ਕੀਤਾ ਕਿ ਉਸ ਨੇ ਆਪਣਾ ਇਕਲੌਤਾ ਪੁੱਤਰ ਬਖ਼ਸ਼ ਦਿੱਤਾ ...।" ਖ਼ੁਦਾ ਦਾ ਪਿਆਰ ਹਰ ਗੱਲ ਵਿਚ ਸੀ।[10]

## "ਆਪਣਾ ਇਕਲੌਤਾ ਪੁੱਤਰ": ਸਭ ਤੋਂ ਵੱਡਾ ਤੋਹਫ਼ਾ

ਖ਼ੁਦਾ ਨੇ ਜੋ ਦਿੱਤਾ ਉਸ ਨਾਲ ਉਸ ਨੇ ਆਪਣਾ ਸਭ ਤੋਂ ਵੱਡਾ ਪਿਆਰ ਵਿਖਾ ਦਿੱਤਾ: "ਕਿਉਂਕਿ ਪਰਮੇਸ਼ੁਰ ਨੇ ਜਗਤ ਨੂੰ ਅਜਿਹਾ ਪਿਆਰ ਕੀਤਾ ਜੋ *ਉਹ ਨੇ ਆਪਣਾ ਇਕਲੌਤਾ ਪੁੱਤਰ ਬਖ਼ਸ਼ ਦਿੱਤਾ,*" ਜੋ ਦੁਨੀਆਂ ਲਈ ਸਭ ਤੋਂ ਵੱਡਾ ਤੋਹਫ਼ਾ ਹੈ। ਤੋਹਫ਼ੇ ਕਈ ਤਰ੍ਹਾਂ ਦੇ ਹਨ। ਅਮੀਰ ਲੋਕਾਂ ਦੇ ਭਲਿਆਈ ਦੇ ਕੰਮਾਂ ਲਈ ਵੱਡੀ ਰਕਮ ਦੇਣ ਦਾ ਪਤਾ ਲਗਦਾ ਹੈ, ਕਈ ਵਾਰ ਉਹ ਰਕਮ ਬਹੁਤ ਹੀ ਵੱਡੀ ਹੁੰਦੀ

ਹੈ, ਪਰ ਖ਼ੁਦਾ ਦੇ ਇਸ ਦਾਨ ਨਾਲ ਕਿਸੇ ਵੀ ਦਾਨ ਜਾਂ ਤੋਹਫ਼ੇ ਨੂੰ ਮਿਲਾਇਆ ਨਹੀਂ ਜਾ ਸਕਦਾ।

ਧਿਆਨ ਦਿਓ ਕਿ ਖ਼ੁਦਾ ਨੇ ਕੀ ਦਿੱਤਾ: (1) ਉਸ ਨੇ ਆਪਣਾ ਬੇਟਾ ਦੇ ਦਿੱਤਾ। ਇਕ ਪ੍ਰੇਮੀ, ਫ਼ਰਮਾਬਰਦਾਰ ਅਤੇ ਫ਼ਰਜ਼ ਪੂਰਾ ਕਰਨ ਵਾਲੇ ਪੁੱਤਰ ਤੇ ਵਿਚਾਰ ਕਰੋ। ਅਜਿਹੇ ਪੁੱਤਰ ਨੂੰ ਤਿਆਗ ਦੇਣਾ ਕਿੰਨਾ ਦਿਲ ਦੁਖਾਊ ਹੋਵੇਗਾ! (2) ਖ਼ੁਦਾ ਨੇ ਆਪਣਾ ਬੇਟਾ ਹੀ ਨਹੀਂ, ਬਲਕਿ ਆਪਣਾ ''ਇਕਲੌਤਾ''[11] ਬੇਟਾ ਭਾਵ ਸਮਾਨਤਾ ਅਤੇ ਸਰੂਪ ਵਾਲਾ ਪੁੱਤਰ ਬਖ਼ਸ਼ ਦਿੱਤਾ, ਜਿਸ ਦੇ ਮੱਥੇ ਉੱਤੇ ਖ਼ੁਦਾਈ ਮੋਹਰ ਸੀ। ਇਕਲੌਤਾ ਪੁੱਤਰ ਦੇਣ ਤੇ ਵਿਚਾਰ ਕਰੋ। (3) ਖ਼ੁਦਾ ਨੇ ਆਪਣਾ ਇਕਲੌਤਾ ਪੁੱਤਰ ਦਿੱਤਾ ਹੀ ਨਹੀਂ, ਉਸ ਨੇ ਆਪਣਾ ਇਕਲੌਤਾ ਕੁਰਬਾਨ ਹੋਣ ਲਈ ਦੇ ਦਿੱਤਾ। ਯਿਸੂ ਨੇ ਉਨ੍ਹਾਂ ਲੋਕਾਂ ਲਈ ਤਕਲੀਫ਼ਦੇਹ ਅਤੇ ਜ਼ਲਾਲਤ ਭਰੀ ਮੌਤ ਮਰਨਾ ਸੀ, ਜਿਹੜੇ ਇਸ ਦੇ ਹੱਕਦਾਰ ਨਹੀਂ ਸਨ। ਖ਼ੁਦਾ ਨੇ ਆਪਣੇ ਪੁੱਤਰ ਦੇ ਅੱਥਰੂ ਵਗਦੇ ਵੇਖ ਆਪਣੇ ਕਾਲਜੇ ਉੱਤੇ ਪੱਥਰ ਰੱਖ ਕੇ ਉਸ ਨੂੰ ਦੇ ਦੇਣਾ ਸੀ।

ਇਹ ਇਕ ਅਜਿਹਾ ਵੱਡਾ ਦਾਨ ਹੈ, ਜੋ ਸਾਡੀ ਸਮਝ ਤੋਂ ਬਿਲਕੁਲ ਬਾਹਰਾ ਹੈ। ਪੌਲੁਸ ਨੇ ਆਖਿਆ, ''ਧੰਨਵਾਦ ਹੈ ਪਰਮੇਸ਼ੁਰ ਦਾ ਉਹ ਦੇ ਉਸ ਦਾਨ ਲਈ ਜਿਹੜਾ ਕਹਿਣ ਤੋਂ ਬਾਹਰ ਹੈ'' (2 ਕੁਰਿੰਥੀਆਂ 9:15)। ਦੁਨੀਆਂ ਵਿਚ ਕੁਝ ਅਜਿਹੀਆਂ ਗੱਲਾਂ ਹਨ, ਜਿਨ੍ਹਾਂ ਨੂੰ ਅਸੀਂ ਸਮਝ ਨਹੀਂ ਸਕਦੇ ਹਾਂ, ਪਰ ਅਸੀਂ ਉਨ੍ਹਾਂ ਬਾਰੇ ਗੱਲ ਜ਼ਰੂਰ ਕਰ ਸਕਦੇ ਹਾਂ, ਉਦਾਹਰਣ ਲਈ, ਦੁਨੀਆਂ ਦੀ ਅਬਾਦੀ ਜਾਂ ਦੇਸ਼ ਦੇ ਕਰਜ਼ੇ ਦੀ ਗੱਲ, ਪਰ ਖ਼ੁਦਾ ਦਾ ਦਾਨ ਸਮਝ ਤੋਂ ਐਨਾ ਪਰ੍ਹੇ ਹੈ ਕਿ ਅਸੀਂ ਸੰਖੇਪ ਵਿਚ ਇਸ ਬਾਰੇ ਬੋਲ ਵੀ ਨਹੀਂ ਸਕਦੇ। ''ਇਲਾਹੀ ਪਿਆਰ, ਅਪਨਾ ਲੇ ਖਾਸ, ਦਿਲ ਜਾਨ, ਔਰ ਮੇਰੇ ਸਬ ਅਜ਼ੀਜ਼''![12]

## "ਕਿ ਉਸਨੇ ... ਬਖ਼ਸ਼ ਦਿੱਤਾ": ਸਭ ਤੋਂ ਮਹਾਨ ਕੰਮ

ਸਭ ਤੋਂ ਵੱਡੇ ਜੀਵ ਨੇ ਆਪਣੇ ਅੰਦਰ ਸਭ ਤੋਂ ਵੱਡਾ ਗੁਣ ਹੋਣ ਕਰਕੇ ਸਭ ਤੋਂ ਵੱਡੇ ਸਮੂਹ ਲਈ ਕੀ ਕੀਤਾ? ''ਪਰਮੇਸ਼ੁਰ ਨੇ ਜਗਤ ਨੂੰ ਅਜਿਹਾ ਪਿਆਰ ਕੀਤਾ, ਕਿ ਉਸ ਨੇ ... *ਬਖ਼ਸ਼ ਦਿੱਤਾ* ...। ਤਿੰਨ ਕੰਮ ਸਾਨੂੰ ਖ਼ੁਦਾ ਦੇ ਨੇੜੇ ਲਿਆਉਂਦੇ ਹਨ: ਬਖ਼ਸ਼ ਦੇਣਾ, ਮਾਫ਼ ਕਰਨਾ ਅਤੇ ਸ਼ੁਕਰਗੁਜ਼ਾਰੀ, ਅਤੇ ਇਨ੍ਹਾਂ ਸਭ ਦਾ ਅਧਾਰ ਦੇਣਾ ਹੀ ਹੈ, ਜੋ ਸਭ ਤੋਂ ਵੱਡਾ ਕੰਮ ਹੈ।[13]

## "ਤਾਂ ਜੋ ਹਰੇਕ ਜੋ": ਸਭ ਤੋਂ ਵੱਡਾ ਮੌਕਾ

ਖ਼ੁਦਾ ਅਤੇ ਮਸੀਹ ਦੀ ਗੱਲ ਕਰਨ ਦੇ ਬਾਅਦ, ਲਿਖਤ ਦੀ ਇਸ ਆਇਤ ਦੇ ਅਖ਼ੀਰ ਵਿਚ ਅਸੀਂ ਆਪਣੇ ਉੱਤੇ ਆਉਂਦੇ ਹਾਂ: ''ਕਿਉਂਕਿ ਪਰਮੇਸ਼ੁਰ ਨੇ ਜਗਤ ਨੂੰ ਅਜਿਹਾ ਪਿਆਰ ਕੀਤਾ ਜੋ ਉਹ ਨੇ ਆਪਣਾ ਇਕਲੌਤਾ ਪੁੱਤਰ ਬਖ਼ਸ਼ ਦਿੱਤਾ ਤਾਂ ਜੋ *ਹਰੇਕ ਜੋ* ਉਸ ਉੱਤੇ ਨਿਹਚਾ ਕਰੇ ਨਾਸ ਨਾ ਹੋਵੇ ਪਰ ਸਦੀਪਕ ਜੀਉਣ ਪਾਵੇ।'' ''ਹਰੇਕ ਜੋ'' ਸ਼ਬਦ ਦੁਨੀਆਂ ਦੇ ਸਭ ਤੋਂ ਵੱਡੇ ਮੌਕੇ ਦਾ ਐਲਾਨ ਕਰਦਾ ਹੈ। ਖ਼ੁਦਾ ਦੇ ਪਿਆਰ ਦੇ ਉਪਾਅ ਸਭ ਲਈ ਹਨ (ਲੂਕਾ 2:10; ਮੱਤੀ 28:19; ਰਸੂਲਾਂ ਦੇ ਕੰਮ 10:34, 35; 17:30; 2 ਪਤਰਸ 3:9)। ਯਿਸੂ ਨੇ ਆਪਣੇ ਚੇਲਿਆਂ ਨੂੰ ਆਖਿਆ ਸੀ, ''ਤੁਸੀਂ ਸਾਰੇ ਜਗਤ ਵਿਚ ਜਾ ਕੇ ਸਰਬੱਤ ਸਰਿਸ਼ਟ ਦੇ ਸਾਹਮਣੇ ਖੁਸ਼ਖਬਰੀ ਦਾ ਪ੍ਰਚਾਰ ਕਰੋ'' (ਮਰਕੁਸ 16:15)।

ਨਿੱਜੀ ਲੋਕਾਂ ਦੇ ਰੂਪ ਵਿਚ ''ਹਰੇਕ ਜੋ'' ਸਾਡੇ ਲਈ ਅਰਥ ਭਰਿਆ ਹੋਣਾ ਚਾਹੀਦਾ ਹੈ। ਸ਼ਾਇਦ ਉੱਨ੍ਹੀਵੀਂ ਸਦੀ ਦੇ ਪ੍ਰਚਾਰਕ ਫ਼ਿਲਿੱਪ ਬਰੁਕਸ ਨੇ ਹੀ ਆਖਿਆ ਸੀ ਕਿ ਉਸ ਨੂੰ ਯੂਹੰਨਾ 3:16 ਨੂੰ ਪੜ੍ਹਨਾ ਇਸ ਕਦਰ ਚੰਗਾ ਲਗਦਾ ਹੈ: ਖ਼ੁਦਾ ਆਖ ਸਕਦਾ ਸੀ ''ਤਾਂ ਜੋ ਹਰੇਕ ਅਮਰੀਕੀ ਜੋ ਉਸ ਉੱਤੇ ਨਿਹਚਾ ਕਰੇ ਨਾਸ ਨਾ ਹੋਵੇ, ਪਰ ਸਦੀਪਕ ਜੀਉਣ ਪਾਵੇ''– ਪਰ ਲੈਟਿਨ ਅਮਰੀਕੀ, ਦੱਖਣੀ ਅਮਰੀਕੀ, ਉੱਤਰੀ ਅਮਰੀਕੀ ਅਤੇ ਹੋਰ ਲੋਕ ਵੀ ਤਾਂ ਹਨ। ਖ਼ੁਦਾ ਆਖ ਸਕਦਾ ਸੀ ਕਿ ''ਬਰੁਕਸ

ਸਦੀਪਕ ਜੀਉਣ ਪਾਵੇ'' ਪਰ ਬਰੁਕਸ ਨਾਂਅ ਦੇ ਹੋਰ ਵੀ ਲੋਕ ਹੋਣਗੇ। ਖ਼ੁਦਾ ਆਖ ਸਕਦਾ ਸੀ, ''ਤਾਂ ਜੋ ਫ਼ਿਲਿੱਪ ਬਰੁਕਸ ਨਿਹਚਾ ਕਰੇ, ਬਚਾਇਆ ਜਾਵੇ''– ਪਰ ਹੋ ਸਕਦਾ ਹੈ ਕਿ ਫ਼ਿਲਿੱਪ ਬਰੁਕਸ ਨਾਂਅ ਦਾ ਕੋਈ ਬੰਦਾ ਹੋਵੇ ਹੀ ਨਾ; ਇਸ ਲਈ ਫੇਰ ਸ਼ੱਕ ਹੋ ਸਕਦਾ ਸੀ। ਫ਼ਿਲਿੱਪ ਬਰੁੱਕਸ ਦਾ ਕਹਿਣਾ ਸੀ, ''ਮੈਂ ਖ਼ੁਦਾ ਦਾ ਬੜਾ ਸ਼ੁਕਰ ਕਰਦਾ ਹਾਂ ਕਿ ਉਸ ਨੇ 'ਹਰੇਕ ਜੋ' ਆਖਿਆ, ਕਿਉਂਕਿ ਮੈਂ ਜਾਣਦਾ ਹਾਂ ਕਿ ਹਰੇਕ ਜੋ ਵਿਚ ਮੇਰਾ ਨਾਂਅ ਵੀ ਆ ਜਾਂਦਾ ਹੈ।'' ਸਾਡੇ ਵਿੱਚੋਂ ਹਰ ਕੋਈ ਇਨ੍ਹਾਂ ਆਇਤਾਂ ਨੂੰ ਪੜ੍ਹ ਕੇ ਜਾਣ ਸਕਦਾ ਹੈ ਕਿ ਅਸੀਂ ਬਚਾਏ ਜਾ ਸਕਦੇ ਹਾਂ!

ਪਰ ਇਹ ਵੀ ਜਾਣ ਲਓ ਕਿ ''ਹਰੇਕ ਜੋ'' *ਸਾਡੇ* ਉੱਤੇ ਜ਼ਿੰਮੇਵਾਰੀ ਵੀ ਪਾਉਂਦਾ ਹੈ। ਇਸ ਸ਼ਬਦ ਵਿਚ ''ਹਰੇਕ ਜੋ ਚਾਹੇ'' ਅਤੇ ''ਹਰੇਕ ਜੋ ਨਾ ਚਾਹੇ'' ਦਾ ਮੇਲ ਹੈ। ਸਾਡੇ ਵਿੱਚੋਂ ਹਰੇਕ ਇਸ ਮੌਕੇ ਦਾ ਫ਼ਾਇਦਾ ਲੈਣ ਜਾਂ ਨਾ ਲੈਣ ਦਾ ਫ਼ੈਸਲਾ ਲੈਂਦਾ ਹੈ (ਪ੍ਰਕਾਸ਼ ਦੀ ਪੋਥੀ 22:17)। ਸਾਡੇ ਵਿੱਚੋਂ ਹਰ ਕੋਈ ਆਪਣੇ ਹੀ ਭਵਿੱਖ ਨੂੰ ਤੈਅ ਕਰਦਾ/ਕਰਦੀ ਹੈ।

## "ਉਸ ਉੱਤੇ": ਸਭ ਤੋਂ ਵੱਡੀ ਕਸ਼ਿਸ਼

ਅਜਿਹੀ ਨਿਹਚਾ ਦਾ ਨਤੀਜਾ ਕੀ ਹੋਵੇਗਾ? ਸਾਨੂੰ ਹੁਕਮ ਮੰਨਣ ਲਈ ਕਿਹੜੀ ਗੱਲ ਪ੍ਰੇਰਿਤ ਕਰੇਗੀ? ''... ਤਾਂ ਜੋ ਹਰੇਕ ਜੋ ਉਸ ਉੱਤੇ ਨਿਹਚਾ ਕਰੇ ਨਾਸ ਨਾ ਹੋਵੇ।'' ਯਿਸੂ ਬਚਾਏ ਜਾਣਾ ਸੰਭਵ ਬਣਾਉਂਦਾ ਹੈ। ਉਹ ਯੁੱਗਾਂ ਦੀ ਸਭ ਤੋਂ ਵੱਡੀ ਕਸ਼ਿਸ਼ ਹੈ। ਉਸ ਨੇ ਆਖਿਆ, ''ਅਰ ਮੈਂ ਜੇ ਧਰਤੀ ਉੱਤੋਂ ਉੱਚਾ ਕੀਤਾ ਜਾਵਾਂ ਤਾਂ ਸਾਰਿਆਂ ਨੂੰ ਆਪਣੇ ਵੱਲ ਖਿੱਚਾਂਗਾ'' (ਯੂਹੰਨਾ 12:32)। ਸਾਡਾ ਵਿਸ਼ਵਾਸ ਕਿਸੇ ਮਨੁੱਖ, ਕਿਸੇ ਸਿੱਖਿਆ ਜਾਂ ਕਿਸੇ ਧਾਰਮਿਕ ਸਿਸਟਮ ਉੱਤੇ ਨਹੀਂ ਹੈ। ਸਾਡਾ ਵਿਸ਼ਵਾਸ ਸਿਰਫ਼ ਮਸੀਹ ਵਿਚ ਹੈ, ਜਿਹੜਾ ਸਾਡੇ ਪਾਪਾਂ ਲਈ ਮੋਇਆ!

## "ਨਿਹਚਾ ਕਰੇ": ਸਭ ਤੋਂ ਵੱਡੀ ਬੁਨਿਆਦ

ਇਸ ਸਭ ਤੋਂ ਵੱਡੇ ਮੌਕੇ ਦਾ ਫ਼ਾਇਦਾ ਚੁੱਕਣ ਲਈ ਸਾਨੂੰ ਕੀ ਕਰਨਾ ਚਾਹੀਦਾ ਹੈ? ਬਾਈਬਲ ਆਖਦੀ ਹੈ, ''ਤਾਂ ਜੋ ਹਰੇਕ ਜੋ ਉਸ ਉੱਤੇ *ਨਿਹਚਾ ਕਰੇ* ਨਾਸ ਨਾ ਹੋਵੇ ਪਰ ਸਦੀਪਕ ਜੀਉਣ ਪਾਵੇ।'' ਨਿਹਚਾ ਕਰਨਾ ਸਭ ਤੋਂ ਵੱਡੀ ਬੁਨਿਆਦ ਹੈ। ਮਸੀਹੀ ਬਣਨ ਅਤੇ ਮਸੀਹੀ ਲੋਕਾਂ ਦੇ ਰੂਪ ਵਿਚ ਅਸੀਂ ਜੋ ਕੁਝ ਵੀ ਕਰਦੇ ਹਾਂ, ਉਸ ਦੀ ਬੁਨਿਆਦ ਨਿਹਚਾ ਹੀ ਹੈ। ''ਅਤੇ ਨਿਹਚਾ ਬਾਝੋਂ ਉਹ ਦੇ ਮਨ ਨੂੰ ਭਾਉਣਾ ਅਣਹੋਣਾ ਹੈ ਕਿਉਂਕਿ ਜਿਹੜਾ ਪਰਮੇਸ਼ੁਰ ਦੀ ਵੱਲ ਆਉਂਦਾ ਹੈ ਉਹ ਨੂੰ ਪਰਤੀਤ ਕਰਨੀ ਚਾਹੀਦੀ ਹੈ ਭਈ ਉਹ ਹੈ ਨਾਲੇ ਇਹ ਭਈ ਉਹ ਆਪਣਿਆਂ ਤਾਲਿਬਾਂ ਦਾ ਫਲ ਦਾਤਾ ਹੈ'' (ਇਬਰਾਨੀਆਂ 11:6)।

ਇਹ ਜ਼ੋਰ ਦਿੱਤਾ ਜਾਣਾ ਚਾਹੀਦਾ ਹੈ ਕਿ ਯੂਹੰਨਾ 3:16 ਦਾ ''ਨਿਹਚਾ ਕਰੇ'' ਸ਼ਬਦ ਮਨ ਵਿਚ ਹੀ ਸਹਿਮਤੀ ਵਿਖਾਉਣਾ ਨਹੀਂ ਹੈ! ਦ ਐਂਪਲੀਫ਼ਾਈਡ ਬਾਈਬਲ (ਜਿਲਦ 1987) ਵਿਚ ਇਸ ਆਇਤ ਦਾ ਅਨੁਵਾਦ ਹੈ: ''ਕਿਉਂਕਿ ਪਰਮੇਸ਼ੁਰ ਨੇ ਦੁਨੀਆਂ ਨਾਲ ਐਨਾ ਪਿਆਰ ਕੀਤਾ ਅਤੇ ਉਸ ਨੂੰ ਐਨਾ ਪਿਆਰਾ ਮੰਨਿਆ *[ਇੱਥੋਂ ਤਕ]* ਕਿ ਉਸ ਨੇ ਆਪਣਾ ਇਕਲੌਤਾ *[ਇੱਕੋ ਇਕ]* ਪੁੱਤਰ ਬਖ਼ਸ਼ ਦਿੱਤਾ ਤਾਂ ਜੋ ਹਰੇਕ ਜੋ ਉਸ ਵਿਚ ਨਿਹਚਾ ਕਰੇ *[ਵਿਚ ਭਰੋਸਾ ਰੱਖੇ, ਨਾਲ ਜੁੜਿਆ ਰਹੇ, ਤੇ ਨਿਰਭਰ ਰਹੇ]* ... ਬਲਕਿ ਹਮੇਸ਼ਾ ਦੀ ਜ਼ਿੰਦਗੀ ਪਾਵੇ।''

ਸੱਚੀ ਨਿਹਚਾ ਵਿਚ ਖ਼ੁਦਾ ਦੀ ਇੱਛਾ ਨੂੰ ਮੰਨਣਾ ਆਉਂਦਾ ਹੈ (ਵੇਖੋ ਯਾਕੂਬ 2:20)। ਪੌਲੁਸ ਨੇ ਲਿਖਿਆ, ''ਮਸੀਹ ਯਿਸੂ ਵਿਚ ਨਾ ਤਾਂ ਸੁੰਨਤ, ਨਾ ਹੀ ਅਸੁੰਨਤ ਤੋਂ ਕੁਝ ਬਣਦਾ ਹੈ ਸਗੋਂ ਨਿਹਚਾ ਤੋਂ ਜਿਹੜੀ ਪ੍ਰੇਮ ਦੇ ਰਾਹੀਂ ਗੁਣਕਾਰ ਹੁੰਦੀ ਹੈ'' (ਗਲਾਤੀਆਂ 5:6)। ਨਿਹਚਾ ਦੇ ਅਧਾਰ ਤੇ ਬਣਾਏ ਜਾ ਕੇ ਪ੍ਰੇਮ ਨਾਲ ਪ੍ਰੇਰਿਤ ਹੋ ਕੇ ਬੰਦਾ ਆਪਣੇ ਪਾਪਾਂ ਤੋਂ ਤੌਬਾ ਕਰੇਗਾ (ਲੂਕਾ 13:3), ਲੋਕਾਂ ਵਿਚ

ਆਪਣੇ ਵਿਸ਼ਵਾਸ ਦਾ ਇਕਰਾਰ ਕਰੇਗਾ (ਮੱਤੀ 10:32), ਅਤੇ ਪਾਪਾਂ ਦੀ ਮਾਫ਼ੀ ਲਈ ਬਪਤਿਸਮੇ ਵਿਚ ਦਫ਼ਨਾਇਆ ਜਾਵੇਗਾ (ਰਸੂਲਾਂ ਦੇ ਕੰਮ 2:38)।

## "ਨਾਸ ਨਾ ਹੋਵੇ": ਸਭ ਤੋਂ ਵੱਡਾ ਦੁਖਾਂਤ

ਜੇ ਸਾਡੀ ਇਹ ਨਿਹਚਾ ਹੈ, ਤਾਂ ਇਸ ਦਾ ਨਤੀਜਾ ਕੀ ਹੋਵੇਗਾ? "... ਹਰੇਕ ਜੋ ਉਸ ਉੱਤੇ ਨਿਹਚਾ ਕਰੇ *ਨਾਸ* ਨਾ ਹੋਵੇ ...।" ਸਾਡਾ ਆਗਿਆਕਾਰੀ ਵਿਸ਼ਵਾਸ ਉਸ ਸਭ ਤੋਂ ਵੱਡੇ ਦੁਖਾਂਤ ਨੂੰ ਰੋਕ ਲਵੇਗਾ, ਜੋ ਆਦਮੀ ਉੱਤੇ ਆ ਸਕਦਾ ਹੈ।

ਇਸ ਜ਼ਿੰਦਗੀ ਵਿਚ ਕਈ ਦੁਖਾਂਤ ਆਉਂਦੇ ਹਨ। ਖੇਤ ਨੂੰ ਅੱਗ ਲਗ ਜਾਂਦੀ ਹੈ, ਜਿਸ ਨਾਲ ਕਿਸਾਨ ਦੀ ਸਾਰੀ ਫ਼ਸਲ ਸੜ ਜਾਂਦੀ ਹੈ ਅਤੇ ਉਹ ਕਹਿੰਦਾ ਹੈ, "ਮੈਂ ਬਰਬਾਦ ਹੋ ਗਿਆ।"[14] ਹੜ੍ਹ ਵਿਚ ਕੋਈ ਘਰ ਵਹਿ ਜਾਂਦਾ ਹੈ ਅਤੇ ਪਰਿਵਾਰ ਦੀ ਸਾਰੀ ਜਾਇਦਾਦ ਬਰਬਾਦ ਹੋ ਜਾਂਦੀ ਹੈ, ਤਾਂ ਉਹ ਰੋਂਦੇ ਹਨ, "ਅਸੀਂ ਬਰਬਾਦ ਹੋ ਗਏ।" ਕਿਸੇ ਵੱਡੇ ਪਰਿਵਾਰ ਵਿਚ ਪਿਤਾ ਦੀ ਮੌਤ ਹੋ ਜਾਂਦੀ ਹੈ ਤਾਂ ਪਰਿਵਾਰ ਟੁੱਟੇ ਹੋਏ ਮਨ ਨਾਲ ਚੀਕ ਉੱਠਦਾ ਹੈ, "ਅਸੀਂ ਤਾਂ ਬਰਬਾਦ ਹੋ ਗਏ।" ਕਿਸੇ ਦੀ ਸਿਹਤ ਵਿਗੜ ਜਾਂਦੀ ਹੈ ਤਾਂ ਉਸ ਨੂੰ ਇਹੀ ਲਗਦਾ ਹੈ ਕਿ "ਮੈਂ ਤਾਂ ਬਰਬਾਦ ਹੋ ਗਿਆ।" ਮੇਰੀ ਗੱਲ ਸੁਣੋ, ਜ਼ਿੰਦਗੀ ਦੇ ਇਹ ਦੁਖਾਂਤ ਕਿੰਨੇ ਵੀ ਖ਼ਤਰਨਾਕ ਕਿਉਂ ਨਾ ਹੋਣ, ਪਰ ਜਦ ਤਕ ਮਨੁੱਖ ਸਦਾ ਲਈ ਨਾਸ ਨਹੀਂ ਹੁੰਦਾ, ਤਦ ਤਕ ਉਹ ਕਦੇ ਬਰਬਾਦ ਨਹੀਂ ਹੁੰਦਾ। ਤਦ ਹੀ ਉਸ ਨੂੰ "ਪ੍ਰਭੂ ਦੇ ਹਜ਼ੂਰੋਂ ਅਤੇ ਉਹ ਦੀ ਸਮਰੱਥਾ ਦੇ ਤੇਜ ਤੋਂ ਸਦਾ ਦਾ ਵਿਨਾਸ਼" ਮਿਲੇਗਾ (2 ਥੱਸਲੁਨੀਕੀਆਂ 1:9; ਵੇਖੋ ਮੱਤੀ 25:46; ਪ੍ਰਕਾਸ਼ ਦੀ ਪੋਥੀ 20:10)। ਇਸ ਆਇਤ ਵਿਚ "ਨਾਸ" ਸ਼ਬਦ ਦਾ ਮਤਲਬ ਇਹੀ ਹੈ!

## "ਪਰ": ਸਭ ਤੋਂ ਵੱਡਾ ਫ਼ਰਕ

ਮੈਨੂੰ ਇਸ ਗੱਲ ਦੀ ਖੁਸ਼ੀ ਹੈ ਕਿ "ਨਾਸ" ਬਾਈਬਲ ਦਾ ਆਖ਼ਰੀ ਸ਼ਬਦ ਨਹੀਂ ਹੈ। ਇਹ ਅੱਗੇ ਵੀ ਚੱਲਦਾ ਹੈ, "... ਤਾਂ ਜੋ ਹਰੇਕ ਜੋ ਉਸ ਉੱਤੇ ਨਿਹਚਾ ਕਰੇ ਨਾਸ ਨਾ ਹੋਵੇ *ਪਰ* ਸਦੀਪਕ ਜੀਉਣ ਪਾਵੇ।" "ਪਰ" ਇਕ ਛੋਟਾ ਜਿਹਾ ਸ਼ਬਦ ਹੈ, ਜਿਸ ਨਾਲ ਦੁਨੀਆ ਵਿਚ ਸਭ ਤੋਂ ਵੱਡਾ ਫ਼ਰਕ ਆਉਂਦਾ ਹੈ। ਇਸ ਆਇਤ ਵਿਚ, ਇਕ ਪਾਸੇ ਤਾਂ ਸਾਨੂੰ "ਨਾਸ" ਸ਼ਬਦ ਮਿਲਦਾ ਹੈ, ਪਰ ਇਸੇ ਆਇਤ ਦੇ ਦੂਜੇ ਪਾਸੇ "ਹਮੇਸ਼ਾ ਦੀ ਜ਼ਿੰਦਗੀ" ਹੈ। ਦੋਹਾਂ ਵਿਚ ਫ਼ਰਕ ਕਰਨ ਵਾਲਾ ਇਹ ਛੋਟਾ ਜਿਹਾ ਵਿਰੋਧ ਸੂਚਕ ਸੰਯੋਜਕ "ਪਰ" ਹੈ।

## "ਸਦੀਪਕ ਜੀਉਣ ਪਾਵੇ": ਸਭ ਤੋਂ ਵੱਡਾ ਵਾਅਦਾ

ਇਹ ਆਇਤ ਇਸ ਵਾਅਦੇ ਨਾਲ ਖ਼ਤਮ ਹੋ ਜਾਂਦੀ ਹੈ: "... ਤਾਂ ਜੋ ਹਰੇਕ ਜੋ ਉਸ ਉੱਤੇ ਨਿਹਚਾ ਕਰੇ ਨਾਸ ਨਾ ਹੋਵੇ ਪਰ *ਸਦੀਪਕ ਜੀਉਣ* ਪਾਵੇ।" ਇਸ ਵਿਚ ਸਭ ਤੋਂ ਵੱਡਾ ਵਾਅਦਾ ਮਿਲਦਾ ਹੈ: ਖ਼ੁਦਾ ਦੇ ਨਾਲ[15] ਉੱਥੇ ਰਹਿਣ ਦਾ ਵਾਅਦਾ ਜਿੱਥੇ "ਉਹ ਉਨ੍ਹਾਂ ਦੀਆਂ ਅੱਖੀਆਂ ਤੋਂ ਹਰੇਕ ਅੰਝੂ ਪੂੰਝੇਗਾ ਅਤੇ ਹੁਣ ਅਗਾਹਾਂ ਨੂੰ ਮੌਤ ਨਾ ਹੋਵੇਗੀ, ਨਾ ਅਗਾਹਾਂ ਨੂੰ ਸੋਗ ਨਾ ਰੋਣਾ ਨਾ ਦੁਖ ਹੋਵੇਗਾ। ਪਹਿਲੀਆਂ ਗੱਲਾਂ ਜਾਂਦੀਆਂ ਰਹੀਆਂ" (ਪ੍ਰਕਾਸ਼ ਦੀ ਪੋਥੀ 21:4)। ਜੇ ਤੁਸੀਂ ਉਸ ਤੇ ਭਰੋਸਾ ਰੱਖਦੇ ਹੋ ਅਤੇ ਉਹਨੂੰ ਮੰਨਦੇ ਹੋ ਤਾਂ ਤੁਹਾਡੇ ਨਾਲ ਖ਼ੁਦਾ ਦਾ ਵਾਅਦਾ ਇਹੀ ਹੈ!

## ਸਾਰ

ਸਚਮੁਚ ਦੀ ਕਹਾਣੀ ਦਾ ਇਕ ਹੀ ਆਇਤ ਵਿਚ ਇਹੀ ਸਾਰ ਹੈ:

‘‘ਕਿਉਂਕਿ ਪਰਮੇਸ਼ੁਰ ਨੇ’’: ਸਭ ਤੋਂ ਵੱਡਾ ਜੀਵ
‘‘ਜਗਤ ਨਾਲ’’: ਸਭ ਤੋਂ ਵੱਡਾ ਸਮੂਹ
‘‘ਅਜਿਹਾ ਪਿਆਰ ਕੀਤਾ’’: ਸਭ ਤੋਂ ਵੱਡਾ ਗੁਣ
‘‘ਉਸ ਨੇ ਆਪਣਾ ਇਕਲੌਤਾ ਪੁੱਤਰ’’: ਸਭ ਤੋਂ ਵੱਡਾ ਦਾਨ
‘‘ਕਿ ਉਸ ਨੇ ... ਦੇ ਦਿੱਤਾ’’: ਸਭ ਤੋਂ ਵੱਡਾ ਕੰਮ
‘‘ਤਾਂ ਕਿ ਜੋ ਕੋਈ’’: ਸਭ ਤੋਂ ਵੱਡਾ ਮੌਕਾ
‘‘ਉਸ ਤੇ’’: ਸਭ ਤੋਂ ਵੱਡੀ ਖਿੱਚ
‘‘ਨਿਹਚਾ ਕਰੇ’’: ਸਭ ਤੋਂ ਵੱਡੀ ਖਿੱਚ
‘‘ਨਾਸ ਨਾ ਹੋਵੇ’’: ਸਭ ਤੋਂ ਵੱਡਾ ਦੁਖਾਂਤ
‘‘ਪਰ’’ ਸਭ ਤੋਂ ਵੱਡਾ ਫ਼ਰਕ
‘‘ਸਦੀਪਕ ਜੀਉਣ ਪਾਵੇ’’: ਸਭ ਤੋਂ ਵੱਡਾ ਵਾਅਦਾ

ਹੋ ਸਕਦਾ ਹੈ ਕਿ ਤੁਹਾਨੂੰ ਪੂਰੀ ਬਾਈਬਲ ਨਾ ਸਮਝ ਆਵੇ, ਪਰ ਕੀ ਤੁਹਾਨੂੰ ਇਹ ਆਇਤ ਸਮਝ ਆਉਂਦੀ ਹੈ? ਜੇ ਇਹ ਆਇਤ ਤੁਹਾਨੂੰ ਸਮਝ ਆ ਗਈ ਤਾਂ ਤੁਹਾਨੂੰ ਚਾਹੀਦਾ ਹੈ ਕਿ ਤੁਸੀਂ ਪ੍ਰਭੂ ਦੇ ਸੱਦੇ ਨੂੰ ਕਬੂਲ ਕਰ ਲਓ। ਯਕੀਨਨ ਇਸ ਮਹਾਨ ਆਇਤ ਦੀਆਂ ਸੱਚਾਈਆਂ ਬਿਨਾਂ ਉਸ ਦੀ ਛੂਹ ਨੂੰ ਕੋਈ ਸਮਝ ਨਹੀਂ ਸਕਦਾ। ਜੇ ਤੁਸੀਂ ਇੰਜੀਲ ਦੀ ਸ਼ਕਤੀ ਵਿਚ, ਪ੍ਰਭੂ ਦੇ ਪਿਆਰ ਨਾਲ ਪ੍ਰਭਾਵਿਤ ਹੋਏ ਹੋ, ਤਾਂ ਕੀ ਤੁਸੀਂ ਇਸ ਦਾ ਕੁਝ ਨਹੀਂ ਕਰੋਗੇ?

---

ਟਿੱਪਣੀਆਂ

[1]ਯਿਸੂ ਦੀ ‘‘ਪਹਿਲੀ ਆਮਦ’’ ਇਕ ਛੁਡਾਵੇ ਦੇ ਰੂਪ ਵਿਚ ਹੋਈ ਸੀ, ਨਿਆਈਂ ਦੇ ਰੂਪ ਵਿਚ ਨਹੀਂ; ਪਰ ਦੂਜੀ ਵਾਰ ਉਹ ਸਾਡਾ ਨਿਆਂ ਕਰਨ ਵਾਲਾ ਬਣ ਕੇ ਆਵੇਗਾ (ਰਸੂਲਾਂ ਦੇ ਕੰਮ 17:31)। [2]ਇਸ ਵਿਚ ਖ਼ੁਦਾ ਦੀ ਸੰਪੂਰਣ ਯੋਜਨਾ ਨਹੀਂ ਆਉਂਦੀ ਜਿਵੇਂ ਕਿ ਕੁਝ ਲੋਕਾਂ ਦਾ ਦਾਅਵਾ ਹੁੰਦਾ ਹੈ, ਪਰ ਇਸ ਵਿਚ ਇਲਾਹੀ ਯੋਜਨਾ ਦੇ ਮੂਲ ਤੱਤਾਂ ਨੂੰ ‘‘ਸ਼ਾਮਲ’’ ਜ਼ਰੂਰ ਕੀਤਾ ਗਿਆ ਹੈ। [3]ਯੂਹੰਨਾ 3:16 ਦਾ ਇਹ ਆਮ ਢੰਗ ਕਈ ਕਿਤਾਬਾਂ ਵਿਚ ਅਪਣਾਇਆ ਗਿਆ ਹੈ। ਇਹ ਮੇਰਾ ਸੰਸਕਰਣ ਹੈ। ਮੈਂ ਨਹੀਂ ਜਾਣਦਾ ਕਿ ਸ਼ੁਰੂ ਵਿਚ ਇਹ ਵਿਚਾਰ ਕਿਸ ਦਾ ਸੀ। [4]ਡੈਨੀਅਲ ਵੈਬਸਟਰ, ਫ੍ਰੈਂਕ ਐੱਸ ਮੀਡ, ਸੰਕ. ਅਤੇ ਸੰਪਾ. ਵਿਚ ਦੁਹਰਾਇਆ ਗਿਆ, *12,000 ਰਿਲਿਜੀਅਸ ਕੁਟੇਸ਼ਨ* (ਗ੍ਰੈਂਡ ਰੈਪਿਡਸ, ਮਿਸ਼ੀਗਨ: ਬੇਕਰ ਬੁੱਕ ਹਾਊਸ 1989), 189. [5]ਅਜਿਹੀ ਕੋਈ ਗੱਲ ਨਹੀਂ ਹੈ, ਜਿਹੜੀ ਖ਼ੁਦਾ ਦੀ ਇੱਛਾ ਦੇ ਮੁਤਾਬਕ ਹੋਵੇ। [6]ਸੰਸਾਰ ਦੇ ਪਾਪ ਨਾਲ ਭਰੇ ਹੋਣ ਨੂੰ ਸਮਝਣ ਲਈ ਵਰਤੇ ਜਾ ਸਕਣ ਵਾਲੇ ਹਵਾਲਿਆਂ ਵਿਚ ਵਿਵਸਥਾਸਾਰ 9:2–4 ਹਨ। [7]ਵੇਖੋ ਤੀਤੁਸ 2:11; 1 ਤਿਮੋਥਿਉਸ 2:3, 4. [8]ਪ੍ਰੇਮ ਤੇ ਹੋਰ ਆਇਤਾਂ ਲਈ, ਵੇਖੋ 1 ਪਤਰਸ 4:8; ਅਫ਼ਸੀਆਂ 3:17. [9]ਕਈ ਲੋਕ ਸਰਮਨ ਵਿਚ ਇਸ ਤੋਂ ਵੱਖ ਪੁਆਇੰਟ ਬਣਾਉਂਦੇ ਹਨ। [10]ਖ਼ੁਦਾ ਪ੍ਰੇਮ ਹੈ (1 ਯੂਹੰਨਾ 4:7, 8)।

[11]ਯੂਨਾਨੀ ਸ਼ਬਦ ਦਾ ਅਨੁਵਾਦ ‘‘ਇਕਲੌਤਾ’’ ਇੱਕੋ ਇਕ ਦਾ ਸੁਝਾਅ ਦਿੰਦਾ ਹੈ। [12]ਆਈਜ਼ਕ ਵਾਟਸ ਦੇ *ਵੈੱਨ ਆਈ ਸਰਵੇ ਦ ਵੰਡਰਸ ਕ੍ਰਾਸ* (ਦਾ ਹਿੰਦੀ ਅਨੁਵਾਦ, ਅਨੁਵਾਦਕ) *ਸੌਂਗਸ ਆਫ਼ ਫ਼ੇਥ ਐਂਡ ਪ੍ਰੇਜ਼,* ਸੰਕ. ਅਤੇ ਸੰਪਾ. ਆਲਟਸ ਐੱਚ ਹਾਵਰਡ (ਵੈਸਟ ਮੋਨਰੋ, ਲੁਈਸਿਆਨਾ: ਹਾਵਰਡ ਪਬਲਿਸ਼ਿੰਗ ਕੰ, 1994)। [13]ਵੇਖੋ ਰਸੂਲਾਂ ਦੇ ਕੰਮ 20:28. [14]ਇਸ ਅਤੇ ਅਗਲੇ ਵਾਕ ਵਿਚ ਇਹ ਮੰਨਿਆ ਜਾਂਦਾ ਹੈ ਕਿ ਕਿਸਾਨ ਅਤੇ ਉਸ ਦੇ ਪਰਿਵਾਰ ਦੇ ਸਮਾਨ ਦਾ ਬੀਮਾ ਨਹੀਂ ਹੋਇਆ ਸੀ। [15]ਵੇਖੋ ਮਰਕੁਸ 10:30; ਗਲਾਤੀਆਂ 6:8; 1 ਤਿਮੋਥਿਉਸ 6:12; ਤੀਤੁਸ 1:2.